# ਸੰਵੇਦਨਸ਼ੀਲ ਦੰਦ

ਕੀ ਤੁਹਾਡੇ ਦੰਦਾਂ ਵਿੱਚ ਦਰਦ ਜਾਂ ਝੁਣਝੁਣੀ ਹੁੰਦੀ ਹੈ, ਖ਼ਾਸ ਕਰਕੇ ਜਦੋਂ ਤੁਸੀਂ ਮਿੱਠਾ ਜਾਂ ਬਹੁਤ ਗਰਮ ਜਾਂ ਬਹੁਤ ਠੰਡਾ ਭੋਜਨ ਖਾਂਦੇ ਹੋ?

ਤੁਹਾਡੇ ਦੰਦ ਸੰਵੇਦਨਸ਼ੀਲ ਹੋ ਸਕਦੇ ਹਨ।

ਸੰਵੇਦਨਸ਼ੀਲ ਦੰਦਾਂ ਵਿਚਲਾ ਦਰਦ ਹਮੇਸ਼ਾ ਨਹੀਂ ਰਹਿੰਦਾ; ਇਹ ਆਉਂਦਾ ਜਾਂਦਾ ਰਹਿ ਸਕਦਾ ਹੈ। ਲਗਾਤਾਰ ਰਹਿਣ ਵਾਲਾ ਦਰਦ ਕਿਸੇ ਵਧੇਰੇ ਗੰਭੀਰ ਸਮੱਸਿਆ ਦੀ ਨਿਸ਼ਾਨੀ ਹੋ ਸਕਦਾ ਹੈ। ਇਸ ਲਈ ਇਹ ਅਜੇ ਵੀ ਜ਼ਰੂਰੀ ਹੈ ਕਿ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਨਾਲ ਇਹਨਾਂ ਲੱਛਣਾਂ ਬਾਰੇ ਗੱਲ ਕਰੋ ਤਾਂ ਜੋ ਇਸਦੇ ਕਾਰਣ ਅਤੇ ਸਹੀ ਇਲਾਜ ਲੱਭਿਆ ਜਾ ਸਕੇ।




## ਦੰਦ ਸੰਵੇਦਨਸ਼ੀਲ ਕਿਉਂ ਹੁੰਦੇ ਹਨ?

ਸਿਹਤਮੰਦ ਦੰਦਾਂ ਵਿੱਚ ਡੈਨਟਿਨ ਨਾਮ ਦਾ ਖੁਰਦਰਾ ਟਿਸ਼ੂ ਹੁੰਦਾ ਹੈ ਜਿਸਨੂੰ ਜਿਸਨੂੰ ਤੁਹਾਡੇ ਮਸੂੜੇ ਅਤੇ ਦੰਦਾਂ ਦਾ ਸਖਤ ਖੋਲ ਸੁਰੱਖਿਅਤ ਰੱਖਦਾ ਹੈ।     ਡੈਨਟਿਨ ਵਿਚਲੇ ਸੂਖਮ ਸੁਰਾਖ, ਜਿਹਨਾਂ ਨੂੰ ਟਿਊਬਲਸ ਆਖਿਆ ਜਾਂਦਾ ਹੈ, ਨਾੜੀਆਂ ਨਾਲ ਜੁੜੇ ਹੁੰਦੇ ਹਨ, ਅਤੇ ਇਹਨਾਂ ਨਾਲ ਵਿਸ਼ੇਸ਼ ਭੋਜਨ ਜਾਂ ਪੀਣ ਵਾਲੇ ਪਦਾਰਥ ਲੱਗਣ 'ਤੇ ਦਰਦ ਪੈਦਾ ਹੁੰਦਾ ਹੈ।

ਡੈਨਟਿਨ ਇਹਨਾਂ ਕਾਰਨਾਂ ਕਰਕੇ ਬਾਹਰ ਨਿਕਲ ਸਕਦੇ ਹਨ:

- ਪਿੱਛੇ ਹਟੇ ਮਸੂੜਿਆ ਨਾਲ ਜੋ ਕਿ ਗਲਤ ਢੰਗ ਨਾਲ ਬੁਰਸ਼ ਕਰਨ ਜਾਂ ਮਸੂੜਿਆਂ ਦੀ ਬਿਮਾਰੀ ਕਰਕੇ ਹੋ ਸਕਦੇ ਹਨ
- ਟੁੱਟੇ ਜਾਂ ਭੁਰੇ ਦੰਦਾਂ ਨਾਲ
- ਭੀਚਣ ਜਾਂ ਪੀਹਣ ਨਾਲ
- ਖੁਰਣ ਨਾਲ

## ਸੰਵੇਦਨਸ਼ੀਲ ਦੰਦਾਂ ਦਾ ਇਲਾਜ ਕਰਨਾ

ਬਿਮਾਰੀ ਦੀ ਪਛਾਣ ਦੇ ਆਧਾਰ ਤੇ ਤੁਹਾਡਾ ਦੰਦਾਂ ਦਾ ਡਾਕਟਰ ਸੰਵੇਦਨਸ਼ੀਲ ਦੰਦਾਂ ਦੇ ਲੱਛਣਾਂ ਤੋਂ ਅਰਾਮ ਲਈ ਹੇਠ ਲਿਖੇ ਇਲਾਜਾਂ ਵਿੱਚੋਂ ਇੱਕ ਜਾਂ ਵੱਧ ਦੱਸ ਸਕਦਾ ਹੈ:

- Oral-B® Sensitive Advantage® (ਓਰਲ ਬੀ ਸੈਂਸਟਿਵ ਐਡਵਾਂਟੇਜ) ਵਰਗਾ ਨਰਮ ਦੰਦਿਆਂ ਵਾਲਾ ਬੁਰਸ਼ ਜੋ ਮਸੂੜਿਆਂ ਤੇ ਨਰਮ ਹੋਵੇ ਜਾਂ ਬੈਟਰੀ ਨਾਲ ਚੱਲਣ ਵਾਲਾ ਬੁਰਸ਼।
- ਦੰਦਾਂ ਦੇ ਡਾਕਟਰ ਦੁਆਰਾ ਦੱਸੇ ਗਏ ਫਲੋਰਾਈਡ ਯੁਕਤ ਰਿੰਜ ਜਾਂ ਸੰਵੇਦਨਸ਼ੀਲ ਦੰਦਾਂ ਲਈ ਜੈਲ।
- ਸੰਵੇਦਨਹੀਣ ਕਰਨ ਵਾਲਾ ਟੂਥਪੇਸਟ ਜਿਵੇਂ ਕਿ Crest® Sensitivity Protection (ਕਰੈਸਟ® ਸੈਂਸਟੀਵਿਟੀ ਪ੍ਰੋਟੈਕਸ਼ਨ) ਜਾਂ Crest® Pro-Health (ਕਰੈਸਟ® ਪ੍ਰੋ-ਹੈਲਥ)।




## ਕਰੈਸਟ ਸੈਂਸਟੀਵਿਟੀ ਪ੍ਰੋਟੈਕਸ਼ਨ ਜਾਂ ਕਰੈਸਟ ਪ੍ਰੋ-ਹੈਲਥ




ਕਰੈਸਟ ਸੈਂਸਟੀਵਿਟੀ ਪ੍ਰੋਟੈਕਸ਼ਨ ਵਿੱਚ ਕਿਰਿਆਸ਼ੀਲ ਤੱਤ ਪੋਟਾਸ਼ੀਅਮ ਨਾਈਟਰੇਟ ਹੈ। ਇਹ ਤੱਤ ਦੰਦ ਵਿੱਚ ਨਾੜੀ ਦੇ ਸੈਲਾਂ ਵਿੱਚ ਪਹੁੰਚਣ ਵਾਲੇ ਸਿਗਨਲਾਂ ਨੂੰ ਰੋਕਦਾ ਹੈ, ਜਿਸ ਨਾਲ ਉਕਸਾਹਟ ਅਤੇ ਦਰਦ ਰੋਕਣ ਵਿੱਚ ਮਦਦ ਮਿਲਦੀ ਹੈ।

ਕਰੈਸਟ ਪ੍ਰੋ-ਹੈਲਥ ਵਿੱਚ ਸਟੈਨਸ ਫਲੋਰਾਈਡ ਹੁੰਦਾ ਹੈ, ਜੋ ਟਿਊਬਲਸ ਨੂੰ ਰੋਕਕੇ ਸੰਵੇਦਨਸ਼ੀਲਤਾ ਤੇ ਕਾਬੂ ਪਾਉਂਦਾ ਹੈ।

ਪਤਾ ਲੱਗਾ ਹੈ ਕਿ ਦੋਵੇਂ ਉਤਪਾਦ ਸੰਵੇਦਨਸ਼ੀਲਤਾ ਨੂੰ ਬਹੁਤ ਜ਼ਿਆਦਾ ਮਾਤਰਾ ਵਿੱਚ ਘਟਾਉਂਦੇ ਹਨ।1,2

ਵੱਲੋਂ ਪੇਸ਼ ਕੀਤਾ ਗਿਆ

Crest Oral-B

ਪੀ ਐਂਡ ਜੀ ਪ੍ਰੋਫ਼ੈਸ਼ਨਲ ਓਰਲ ਹੈਲਥ

ਦਰਦ ਫਿਰ ਤੋਂ ਸ਼ੁਰੂ ਨਾ ਹੋਵੇ, ਇਸ ਲਈ ਕਰੈਸਟ ਸੈਂਸਟੀਵਿਟੀ ਪ੍ਰੋਟੈਕਸ਼ਨ ਜਾਂ ਕਰੈਸਟ ਪ੍ਰੋ-ਹੈਲਥ ਦੀ ਬਾਕਾਇਦਗੀ ਨਾਲ ਵਰਤੋਂ ਲਈ ਆਪਣੇ ਦੰਦਾਂ ਦੇ ਮਾਹਿਰ ਦੀਆਂ ਘਰ ਵਿੱਚ ਸੰਭਾਲ ਸੰਬੰਧੀ ਹਿਦਾਇਤਾਂ ਦੀ ਪਾਲਣਾ ਕਰੋ।

ਕਰੈਸਟ ਸੈਂਸਟੀਵਿਟੀ ਪ੍ਰੋਟੈਕਸ਼ਨ ਜਾਂ ਕਰੈਸਟ ਪ੍ਰੋ-ਹੈਲਥ ਨਾਲ ਰੋਜ਼ਾਨਾ ਬੁਰਸ਼ ਕਰਨ ਦੇ ਨਾਲ-ਨਾਲ ਬਾਕਾਇਦਾ ਫਲੌਸਿੰਗ ਅਤੇ ਮਾਹਿਰ ਤੋਂ ਇਹਨਾਂ ਦੀ ਸਫਾਈ ਨਾਲ ਖੋੜਾਂ ਤੋਂ ਬਚਾਅ ਹੋਵੇਗਾ ਅਤੇ ਤੁਹਾਡੇ ਦੰਦਾਂ ਦੀ ਸੰਭਾਲ ਹੋਵੇਗੀ।

ਆਪਣੇ ਦੰਦਾਂ ਦੇ ਮਾਹਿਰ ਨੂੰ ਪੁੱਛੋ ਕਿ ਇਹ ਕਰੈਸਟ ਉਤਪਾਦਨ ਤੁਹਾਡੀ ਕਿਵੇਂ ਮਦਦ ਕਰ ਸਕਦੇ ਹਨ:

- ਕਰੈਸਟ ਸੈਂਸਟੀਵਿਟੀ ਪ੍ਰੋਟੈਕਸ਼ਨ
- ਕਰੈਸਟ ਪ੍ਰੋ-ਹੈਲਥ

[1] ਸ਼ਿਫ਼ ਟੀ, ਐਚਈ ਟੀ, ਸੇਗਲ ਐਲ, ਬੇਕਰ ਆਰ. ਐਫੀਕੇਸੀ ਐਂਡ ਸੇਫਟੀ ਆਫ ਏ ਨੋਵਲ ਸਟੈਬਿਲਾਈਜ਼ਡ ਸਟੈਨਸ ਫਲੋਰਾਈਡ ਐਂਡ ਸੋਡੀਅਮ ਹੈਕਸਾਮੈਟਾਫਾਸਫੇਟ ਡੈਂਟੀਫਰੀਸ ਫਾਰ ਡੈਂਟੀਨਲ ਹਾਈਪਰਸੈਂਸਟਿਵਿਟੀ। ਜੇ ਕਨਟੈਂਪ ਡੈਂਟ ਪ੍ਰੈਕਟ 2006 ਮਈ;(7)2:001-008.

[2] ਸਿਲਵਰਮੈਨ ਜੀ, ਬਰਮਨ ਈ, ਹਾਨਾ ਸੀਬੀ, et al. ਅਸੈਸਿੰਗ ਦ ਐਫੀਕੇਸੀ ਆਫ਼ ਥ੍ਰੀ ਡੈਂਟੀਫਰੀਸਿਸ ਇਨ ਦ ਟ੍ਰੀਟਮੈਂਟ ਆਫ ਡੈਂਟੀਨਲ ਹਾਈਪਰਸੈਂਸਟਿਵਿਟੀ। ਜੇ. ਐਮ. ਡੈਂਟ. ਐਸੋਸੀ 1996;127:191-201.